*ਭੁਵਨੇਸ਼ਵਰ ਪ੍ਰਸਾਦ ਸਿਨਹਾ, ਪੀ. ਗੋਵਿੰਦਾ ਮੈਨਨ ਅਤੇ ਜੇ.ਐਲ. ਕਪੂਰ, ਜੇ.ਜੇ.ਦੀ ਅਦਾਲਤ ਵਿੱਚ*

ਸੁਰਿੰਦਰ ਕੁਮਾਰ ਅਤੇ ਹੋਰ, ਅਪੀਲਕਰਤਾ

ਬਨਾਮ

ਗਿਆਨ ਚੰਦ ਅਤੇ ਹੋਰ, ਉੱਤਰਦਾਤਾ।

1954 ਦੀ ਸਿਵਲ ਅਪੀਲ ਨੰ. 49.

*ਵਾਧੂ ਸਬੂਤ- ਦੇ ਦਾਖਲੇ- ਸੁਪਰੀਮ ਕੋਰਟ ਦੀ ਸ਼ਕਤੀ-ਸੁਪਰੀਮ ਕੋਰਟ ਦੇ ਨਿਯਮ-ਆਰਡਰ 45, ਰੂਲ J-ਐਵੀਡੈਂਸ ਐਕਟ (1872) - ਧਾਰਾ 41-ਪ੍ਰੋਬੇਟ ਕੋਰਟ ਦਾ ਫੈਸਲਾ- ਇਹ ਮੰਨਣਾ -ਕਿ ਕੀ ਰੀਮ ਵਿੱਚ ਫੈਸਲਾ ਸੁਪਰੀਮ ਕੋਰਟ ਵਿੱਚ ਅਪੀਲ ਦੇ ਲੰਬਿਤ ਹੋਣ ਦੌਰਾਨ ਪ੍ਰਾਪਤ ਕੀਤਾ ਗਿਆ ਸੀ - ਕੀ ਸਬੂਤ ਦੇ ਰੂਪ ਵਿੱਚ ਦਾਖਲ ਕੀਤਾ ਜਾ ਸਕਦਾ ਹੈ - ਅਪੀਲ ਦੇ ਲੰਬਿਤ ਹੋਣ ਦੇ ਦੌਰਾਨ ਹਾਲਾਤ ਵਿੱਚ ਤਬਦੀਲੀ - ਕੀ ਅਪੀਲ ਦਾ ਫੈਸਲਾ ਕਰਨ ਵਿੱਚ ਵਿਚਾਰ ਕੀਤਾ ਜਾ ਸਕਦਾ ਹੈ।*

ਇਹ ਮੰਨਿਆ ਜਾਂਦਾ ਹੈ ਕਿ ਸੁਪਰੀਮ ਕੋਰਟ ਵੱਲੋਂ ਵਾਧੂ ਸਬੂਤ ਦਾਖਲ ਕਰਨ ਲਈ ਕੋਈ ਖਾਸ ਵਿਵਸਥਾ ਨਹੀਂ ਹੈ ਪਰ ਸੁਪਰੀਮ ਕੋਰਟ ਦੇ ਨਿਯਮਾਂ ਦੇ ਆਰਡਰ 45 ਦਾ ਨਿਯਮ 5 ਸੁਪਰੀਮ ਕੋਰਟ ਦੀ ਅਜਿਹੇ ਆਦੇਸ਼ ਦੇਣ ਦੀ ਅੰਦਰੂਨੀ ਸ਼ਕਤੀ ਨੂੰ ਮਾਨਤਾ ਦਿੰਦਾ ਹੈ ਜੋ ਨਿਆ ਦੇਣ ਲਈ ਜਾਂ ਅਦਾਲਤ ਦੀ ਪ੍ਰਕਿਰਿਆ ਦੀ ਦੁਰਵਰਤੋਂ ਨੂੰ ਰੋਕਣ ਲਈ ਜ਼ਰੂਰੀ ਹੋ ਸਕਦਾ ਹੈ। ਇਸ ਨਿਯਮ ਦੇ ਤਹਿਤ ਨਿਆ ਦੇਣ ਲਈ ਸੁਪਰੀਮ ਕੋਰਟ ਦੁਆਰਾ ਵਾਧੂ ਸਬੂਤ ਦਾਖਲ ਕੀਤੇ ਜਾ ਸਕਦੇ ਹਨ।

ਇਹ ਮੰਨਿਆ ਜਾਂਦਾ ਹੈ ਕਿ ਪ੍ਰੋਬੇਟ ਕੋਰਟ ਦਾ ਫੈਸਲਾ ਕਾਨੂੰਨ ਦੁਆਰਾ ਨਿਰਧਾਰਤ ਪ੍ਰਕਿਰਿਆ ਦੇ ਅਨੁਸਾਰ ਪ੍ਰਾਪਤ ਕੀਤਾ ਗਿਆ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਹ ਰਾਹਤ ਵਿੱਚ ਇੱਕ ਫੈਸਲਾ ਹੈ। ਇਹ ਇਤਰਾਜ਼ ਕਿ ਉੱਤਰਦਾਤਾ ਇਸ ਦੇ ਧਿਰ ਨਹੀਂ ਸਨ, ਫੈਸਲੇ ਦੀ ਪ੍ਰਕਿਰਤੀ ਦੇ ਕਾਰਨ ਅਸਥਾਈ ਹੈ।

ਇਹ ਮੰਨਿਆ ਜਾਂਦਾ ਹੈ ਕਿ ਅਪੀਲ ਦਾ ਫੈਸਲਾ ਕਰਦੇ ਸਮੇਂ ਅਦਾਲਤ ਨੂੰ ਉਨ੍ਹਾਂ ਹਾਲਾਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਜਿਵੇਂ ਕਿ ਉਹ ਉਸ ਸਮੇਂ ਹਨ ਜਦੋਂ ਅਪੀਲ ਦਾ ਫੈਸਲਾ ਕੀਤਾ ਜਾ ਰਿਹਾ ਹੈ ਅਤੇ ਅਪੀਲਕਰਤਾ ਦੇ ਹੱਕ ਵਿੱਚ ਫੈਸਲਾ ਸੁਣਾਇਆ ਗਿਆ ਹੈ, ਇਸ ਅਪੀਲ ਦਾ ਫੈਸਲਾ ਕਰਨ ਦੌਰਾਨ ਇਸ ਵਾਧੂ ਤੱਥ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ।

*ਇੰਦਰਜੀਤ ਪ੍ਰਤਾਪ ਸਾਹੀ ਬਨਾਮ ਅਮਰ ਸਿੰਘ (1) I.L.R. 24 Bam. 547.), ਲਛਮੇਸ਼ਵਰ ਪਰਸ਼ਾਦ ਸ਼ੁਕੁਲ ਬਨਾਮ ਕੇਸ਼ਵਰ ਲਾਲ ਚੌਧਰੀ* ((2) I.L.R. 35 Mad. 628.'), ਅਤੇ *ਪੈਟਰਸਨ ਬਨਾਮ ਸਟੇਟ ਆਫ ਅਲਾਬਾਮਾ* ((3) A.I.R. 1953 Mad. 404.), 'ਤੇ ਭਰੋਸਾ ਕੀਤਾ ਗਿਆ।

*1949 ਦੀ ਨਿਯਮਤ ਪਹਿਲੀ ਅਪੀਲ ਨੰ. 57 ਵਿੱਚ ਜੋ ਕਿ 1944 ਦੇ ਮੁਕੱਦਮਾ ਨੰ.298 ਵਿੱਚ ਗੁਰਦਾਸਪੁਰ ਦੀ ਹੇਠਲੀ ਅਦਾਲਤ ਦੇ ਸੀਨੀਅਰ ਜੱਜ, ਦੀ ਅਦਾਲਤ ਵਿੱਚ ਹੋਏ ਫੈਸਲੇ ਅਤੇ ਹੁਕਮ ਤੋ ਪੈਦਾ ਹੋਈ, ਵਿੱਚ 16 ਅਗਸਤ, 1949 ਦੇ ਪੰਜਾਬ ਹਾਈ ਦੇ ਫੈਸਲੇ ਅਤੇ ਹੁਕਮ ਤੋਂ ਸਪੈਸ਼ਲ ਲੀਵ ਦੀ ਅਪੀਲ ਤੋ।*

ਅਪੀਲਕਰਤਾਵਾਂ ਲਈ: ਐਚ.ਜੇ. ਉਮਰੀਗਰ ਅਤੇ ਕੇ.ਐਲ. ਮਹਿਤਾ, ਵਕੀਲ।

ਉੱਤਰਦਾਤਾਵਾਂ ਲਈ (ਉੱਤਰਦਾਤਾ ਨੰ. 2 ਨੂੰ ਛੱਡ ਕੇ): ਸ੍ਰੀ ਆਰ.ਐਸ. ਨਰੂਲਾ, ਵਕੀਲ।

ਫੈਸਲਾ

ਅਦਾਲਤ ਦਾ ਫੈਸਲਾ ਕਪੂਰ, ਜੇ ਵੱਲੋਂ ਸੁਣਾਇਆ ਗਿਆ।

ਇਹ ਅਪੀਲ ਪੰਜਾਬ ਹਾਈ ਕੋਰਟ ਦੇ 16 ਅਗਸਤ, 1949 ਦੇ ਫੈਸਲੇ ਅਤੇ ਫ਼ਰਮਾਨ ਤੋਂ ਲਿਆਂਦੀ ਗਈ ਹੈ, ਜਿਸ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਉਲਟਾ ਦਿੱਤਾ ਸੀ, ਜਿਸ ਨੇ ਮੁਦਈ ਦੇ ਗਿਰਵੀ ਰੱਖਣ ਵਾਲੇ ਮੁਕੱਦਮੇ ਦਾ ਫੁਰਮਾਨ ਸੁਣਾਇਆ ਸੀ।

ਮੁਦਈ ਜੋ ਇਸ ਅਪੀਲ ਵਿੱਚ ਅਪੀਲਕਰਤਾ ਹਨ, 6 ਸਤੰਬਰ 1944 ਨੂੰ ਉਨ੍ਹਾਂ ਦੀ ਮਾਤਾ ਦੇ ਪਿਤਾ ਲਾਲਾ ਗੁਰਾਂਦਿੱਤਾ ਮੱਲ ਦੀ ਇੱਕ ਰਜਿਸਟਰਡ ਵਸੀਅਤ ਦੇ ਤਹਿਤ ਵਾਰਿਸ ਹੋਣ ਦਾ ਦਾਅਵਾ ਕਰਦੇ ਹਨ। ਉਹਨਾਂ ਨੂੰ ਸੌਂਪੀਆਂ ਗਈਆਂ ਵਸਤੂਆਂ ਵਿੱਚੋਂ ਇੱਕ 24 ਅਕਤੂਬਰ, 1932 ਨੂੰ, ਵਸੀਅਤ ਕਰਨ ਵਾਲੇ ਦੇ ਹੱਕ ਵਿੱਚ ਬਚਾਓ ਪੱਖਾਂ ਦੁਆਰਾ ਕੀਤੇ ਗਏ 6,000 ਰੁਪਏ ਲਈ ਇੱਕ ਗਿਰਵੀਨਾਮੇ ਵਿੱਚ ਅਧਿਕਾਰ ਸੀ। 25 ਅਕਤੂਬਰ, 1944 ਨੂੰ, ਉਹ ਹੇਠਲੀ ਅਦਾਲਤ ਦੇ ਸੀਨੀਅਰ ਜੱਜ, ਗੁਰਦਾਸਪੁਰ ਦੀ ਅਦਾਲਤ ਵਿਚ ਗਿਰਵੀਨਾਮੇ ਦੇ ਆਧਾਰ 'ਤੇ 5392-2-0 ਰੁਪਏ ਦੀ ਵਸੂਲੀ ਲਈ ਮੁਕੱਦਮਾ ਲੈ ਕੇ ਆਏ। ਉਹਨਾਂ ਨੇ ਕਿਹਾ ਕਿ ਉਹ ਵਸੀਅਤ ਦੇ ਤਹਿਤ ਲਾਲਾ ਗੁਰਾਂਦਿੱਤਾ ਮੱਲ ਦੇ "ਨੁਮਾਇੰਦੇ ਅਤੇ ਵਾਰਸ" ਸਨ ਅਤੇ ਉਹਨਾਂ ਦੀ ਨਕਲ ਵਿੱਚ ਉਹਨਾਂ ਨੇ ਹੁਣੇ ਕਿਹਾ:

"ਅਸੀਂ ਮ੍ਰਿਤਕ ਲਾਲਾ ਗੁਰਾਂਦਿੱਤਾ ਮੱਲ ਗਿਰਵੀ ਦੇ ਵਾਰਸ ਅਤੇ ਨੁਮਾਇੰਦੇ ਹਾਂ।"

ਹੋਰ ਗੱਲਾਂ ਦੇ ਨਾਲ ਮੁਦਾਲਾ ਨੇ ਬੇਨਤੀ ਕੀਤੀ ਕਿ ਉਹਨਾਂ ਨੂੰ ਗੁਰਾਂਦਿੱਤਾ ਮੱਲ ਦੁਆਰਾ ਉਕਤ ਵਸੀਅਤ ਬਾਰੇ ਕੋਈ ਜਾਣਕਾਰੀ ਨਹੀਂ ਸੀ ਅਤੇ ਉਹਨਾਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਮੁਦਈ ਗਿਰਵੀ ਲੈਣ ਵਾਲੇ ਦੇ ਵਾਰਸ ਅਤੇ ਨੁਮਾਇੰਦੇ ਸਨ ਅਤੇ ਇਸ ਲਈ ਉਹਨਾਂ ਕੋਲ ਮੁਕੱਦਮਾ ਕਰਨ ਲਈ ਕੋਈ ਅਧਾਰ ਨਹੀਂ ਸੀ। ਮਾਣਯੋਗ ਮੁਕੱਦਮੇ ਦੇ ਜੱਜ ਦੁਆਰਾ ਪੰਜ ਮੁੱਦੇ/ਬਿੰਦੂ ਦੱਸੇ ਗਏ ਸਨ, ਜਿਨ੍ਹਾਂ ਵਿੱਚੋਂ ਹੁਣ ਇਸ ਅਪੀਲ ਦੇ ਉਦੇਸ਼ ਲਈ ਪਹਿਲਾ ਢੁਕਵਾਂ ਮੁੱਦਾ ਹੈ:

(1) ਕੀ ਮੁਦਈ ਦੇ ਕੋਲ ਮੌਜੂਦਾ ਮੁਕੱਦਮੇ ਨੂੰ ਮ੍ਰਿਤਕ ਗੁਰਾਂਦਿੱਤਾ, ਦੇ ਵਾਰਿਸ ਵਜੋਂ ਬਰਕਰਾਰ ਰਹਿਣ ਲਈ ਕੋਈ ਅਧਾਰ ਹੈ?

ਮਾਣਯੋਗ ਹੇਠਲੀ ਅਦਾਲਤ ਦੇ ਜੱਜ ਨੇ ਕਿਹਾ ਕਿ ਵਸੀਅਤ ਦੀ "ਇਸਦੀ ਸਹੀ ਕਾਰਵਾਈ ਦੀ ਧਾਰਨਾ ਸੀ" ਕਿਉਂਕਿ ਇਹ ਰਜਿਸਟਰਡ ਸੀ ਅਤੇ ਇਹ ਵੀ ਕਿ ਵਸੀਅਤ ਦੀ ਪ੍ਰੋਬੇਟ ਪ੍ਰਾਪਤ ਨਾ ਕਰਨ ਨਾਲ ਮੁਦਈ ਨੂੰ ਡਿਕਰੀ ਪ੍ਰਾਪਤ ਕਰਨ ਅਤੇ ਮੁਢਲੀ ਗਿਰਵੀਨਾਮੇ ਦਾ ਫ਼ਰਮਾਨ ਪਾਸ ਕਰਨ ਲਈ ਕੋਈ ਰੋਕ ਨਹੀਂ ਸੀ। ਇਸ ਮਾਮਲੇ ਨੂੰ ਹਾਈਕੋਰਟ ਵਿੱਚ ਅਪੀਲ ਵਿੱਚ ਲੈ ਜਾਣ 'ਤੇ ਹੇਠਲੀ ਅਦਾਲਤ ਦੇ ਹੁਕਮ ਨੂੰ ਉਲਟਾ ਦਿੱਤਾ ਗਿਆ ਅਤੇ ਮੁਦਈਆਂ ਦੇ ਮੁਕੱਦਮੇ ਨੂੰ ਖਾਰਜ ਕਰ ਦਿੱਤਾ ਗਿਆ ਪਰ ਧਿਰਾਂ ਨੂੰ ਆਪਣਾ ਖਰਚਾ ਚੁੱਕਣ ਲਈ ਕਹਿ ਦਿੱਤਾ ਗਿਆ। ਹਾਈ ਕੋਰਟ ਨੇ ਕਿਹਾ:

"ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਹੁਣ ਸਾਡੇ ਸਾਹਮਣੇ ਵਸੀਅਤ ਨੂੰ ਪ੍ਰਮਾਣਿਤ ਕਰਨ ਲਈ ਦੋ ਗਵਾਹਾਂ ਦੁਆਰਾ ਤਸਦੀਕ ਕੀਤਾ ਜਾਣਾ ਜ਼ਰੂਰੀ ਸੀ। ਕਿਉਂਕਿ ਕਾਨੂੰਨੀ ਪੱਖ ਨੂੰ ਪੂਰਾ ਨਹੀਂ ਕੀਤਾ ਗਿਆ ਹੈ, ਮੁਦਈ ਕੋਲ ਮੁਕੱਦਮੇ ਨੂੰ ਕਾਇਮ ਰੱਖਣ ਲਈ ਕੋਈ ਅਧਾਰ ਨਹੀਂ ਸੀ।"

*ਸਿਵਲ ਪ੍ਰੋਸੀਜਰ ਕੋਡ* ਦੇ ਓ: 41 ਆਰ: 27 ਦੇ ਤਹਿਤ ਵਾਧੂ ਸਬੂਤ ਦਾਖਲ ਕਰਨ ਲਈ ਕੀਤੀ ਗਈ ਗੇਨਤੀ ਨੂੰ ਰੱਦ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਧਾਰਾ 133 ਤਹਿਤ ਅਪੀਲ ਦੀ ਲੀਵ ਦੇਣ ਤੋਂ ਇਨਕਾਰ ਕਰ ਦਿੱਤਾ ਪਰ 21 ਅਕਤੂਬਰ 1952 ਨੂੰ ਸਪੈਸ਼ਲ ਲੀਵ ਦੇ ਦਿੱਤੀ ਗਈ। ਇਸੇ ਦੌਰਾਨ ਗੁਰਦਾਸਪੁਰ ਦੇ ਜ਼ਿਲ੍ਹਾ ਜੱਜ ਨੇ 11 ਜੁਲਾਈ 1951 ਨੂੰ ਲਾਲਾ ਗੁਰਾਂਦਿੱਤਾ ਮੱਲ ਦੀ ਵਸੀਅਤ ਦੀ ਪ੍ਰੋਬੇਟ ਮੌਜੂਦਾ ਅਪੀਲਕਰਤਾ ਅਤੇ ਉਨ੍ਹਾਂ ਦੀ ਮਾਤਾ ਮੁਸੰਮਤ ਹਰ ਦੇਵੀ ਦੇ ਹੱਕ

ਵਿੱਚ ਦਿੱਤੀ। ਅਪੀਲਕਰਤਾਵਾਂ ਨੇ ਵਾਧੂ ਸਬੂਤਾਂ ਦੇ ਦਾਖਲੇ ਲਈ ਇਸ ਅਦਾਲਤ ਵਿੱਚ ਇੱਕ ਅਰਜ਼ੀ ਦਿੱਤੀ ਅਤੇ ਬੇਨਤੀ ਕੀਤੀ ਕਿ "ਪ੍ਰੋਬੇਟ ਨੂੰ ਰਾਹਤ ਵਿੱਚ ਫੈਸਲੇ ਵਜੋਂ ਵਰਤੀ ਗਈ ਵਸੀਅਤ ਦੀ ਪ੍ਰੋਬੇਟ ਵਜੋਂ ਰਿਕਾਰਡ ਵਿੱਚ ਰੱਖਿਆ ਜਾਵੇ" । ਉਨ੍ਹਾਂ ਅਪੀਲ ਵਿੱਚ ਮੁਸੱਮਤ ਹਰ ਦੇਵੀ ਨੂੰ ਪ੍ਰਤੀਵਾਦੀ ਵਜੋਂ ਸ਼ਾਮਲ ਕਰਨ ਲਈ ਵੀ ਅਰਜ਼ੀ ਦਿੱਤੀ ਸੀ। :

ਇਸ ਪੜਾਅ 'ਤੇ ਵਾਧੂ ਸਬੂਤਾਂ ਦੇ ਦਾਖਲੇ 'ਤੇ ਇਕ ਇਤਰਾਜ਼ ਉੱਤਰਦਾਤਾਵਾਂ ਦੁਆਰਾ ਇਸ ਆਧਾਰ 'ਤੇ ਲਿਆ ਜਾਂਦਾ ਹੈ ਕਿ ਪ੍ਰੋਬੇਟ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਪ੍ਰਾਪਤ ਕੀਤਾ ਗਿਆ ਸੀ ਅਤੇ ਅਰਜ਼ੀ ਦੇਰ ਨਾਲ ਦਿੱਤੀ ਗਈ ਸੀ, ਇਸ ਨਾਲ ਉੱਤਰਦਾਤਾਵਾਂ ਨੂੰ ਉਨ੍ਹਾਂ ਕੀਮਤੀ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ ਸੀ ਜੋ ਉਨ੍ਹਾਂ ਕੋਲ ਹਨ। ਕਿਉਂਕਿ ਦਾਅਵਾ ਕਨੂੰਨੀ ਬਣ ਗਿਆ ਹੈ ਅਤੇ ਇਹ ਕਿ ਇਸ ਅਦਾਲਤ ਦੇ ਨਿਯਮਾਂ ਵਿੱਚ ਵਾਧੂ ਸਬੂਤ ਦਾਖਲ ਕਰਨ ਦਾ ਕੋਈ ਉਪਬੰਧ ਨਹੀਂ ਹੈ। ਇਹ ਸਪੱਸ਼ਟ ਹੈ ਕਿ ਪ੍ਰੋਬੇਟ ਲਈ ਦਿੱਤੀ ਗਈ ਅਰਜ਼ੀ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਪ੍ਰਾਪਤ ਕੀਤੀ ਗਈ ਸੀ ਅਤੇ ਇਸ ਲਈ, ਉਸ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਜਾ ਸਕਦਾ ਸੀ। ਪ੍ਰੋਬੇਟ ਕੋਰਟ ਦੇ ਫੈਸਲੇ ਨੂੰ ਕਾਨੂੰਨ ਦੁਆਰਾ ਨਿਰਧਾਰਤ ਪ੍ਰਕਿਰਿਆ ਦੇ ਅਨੁਸਾਰ ਪ੍ਰਾਪਤ ਕੀਤਾ ਗਿਆ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਹ ਰੀਮ ਵਿੱਚ ਇੱਕ ਫੈਸਲਾ ਹੈ। ਇਹ ਇਤਰਾਜ਼ ਕਿ ਉੱਤਰਦਾਤਾ ਇਸ ਦੇ ਪੱਖ ਨਹੀਂ ਸਨ, ਇਸ ਤਰ੍ਹਾਂ ਫੈਸਲੇ ਦੀ ਪ੍ਰਕਿਰਤੀ ਦਾ ਅਧਾਰ ਠੋਸ ਨਹੀਂ ਹੈ।

ਇਸ ਅਦਾਲਤ ਦੀ ਸ਼ਕਤੀ ਦੇ ਤੌਰ 'ਤੇ, ਵਾਧੂ ਸਬੂਤਾਂ ਦੇ ਦਾਖਲੇ ਲਈ ਕੋਈ ਖਾਸ ਉਪਬੰਧ ਨਹੀਂ ਹੈ ਪਰ ਸੁਪਰੀਮ ਕੋਰਟ ਦੇ ਨਿਯਮਾਂ ਦਾ r: 5 ਦਾ O: 45 ਅਦਾਲਤ ਦੀ ਅੰਦਰੂਨੀ ਸ਼ਕਤੀ ਨੂੰ ਮਾਨਤਾ ਦਿੰਦਾ ਹੈ ਕਿ ਉਹ ਅਜਿਹੇ ਆਦੇਸ਼ ਦੇਣ ਜੋ ਨਿਆਂ ਲਈ ਜਾਂ ਅਦਾਲਤ ਦੀ ਪ੍ਰਕਿਰਿਆ ਦੀ ਦੁਰਵਰਤੋਂ ਨੂੰ ਰੋਕਣ ਲਈ ਜ਼ਰੂਰੀ ਹੋ ਸਕਦੇ ਹਨ। *ਇੰਦਰਜੀਤ ਪ੍ਰਤਾਪ ਸਾਹੀ ਬਨਾਮ ਅਮਰ ਸਿੰਘ* ((1) L.R. (1923) 50 I.A. 183, 191) ਵਿੱਚ ਪ੍ਰੀਵੀ ਕੌਂਸਲ ਨੇ ਕਿਹਾ:

"ਇਹ ਕਿ ਅਜਿਹੇ ਸਬੂਤਾਂ ਨੂੰ ਸਵੀਕਾਰ ਕਰਨ ਲਈ ਬੋਰਡ ਦੀਆਂ ਸ਼ਕਤੀਆਂ 'ਤੇ ਕੋਈ ਪਾਬੰਦੀ ਨਹੀਂ ਹੈ, ਜਿਸ ਨੂੰ ਸ਼ੁਰੂਆਤੀ ਪੜਾਅ 'ਤੇ ਕਾਫ਼ੀ ਆਧਾਰ ਬਣਾਇਆ ਗਿਆ ਹੈ।"

ਵਾਧੂ ਸਬੂਤਾਂ ਦੇ ਦਾਖਲੇ ਦੇ ਸਬੰਧ ਵਿੱਚ ਇਸ ਅਦਾਲਤ ਦੀਆਂ ਸ਼ਕਤੀਆਂ ਕਿਸੇ ਵੀ ਤਰ੍ਹਾਂ ਪ੍ਰਿਵੀ ਕੌਂਸਲ ਤੋਂ ਘੱਟ ਨਹੀਂ ਹਨ। ਇਸ ਤੋਂ ਇਲਾਵਾ ਅਪੀਲ ਦਾ ਫੈਸਲਾ ਕਰਨ ਵੇਲੇ ਸਾਨੂੰ ਉਨ੍ਹਾਂ ਹਾਲਾਤਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ ਜਿਵੇਂ ਕਿ ਉਹ ਉਸ ਸਮੇਂ ਹੋਣ ਜਦੋਂ ਅਪੀਲ ਦਾ ਫੈਸਲਾ ਕੀਤਾ ਜਾ ਰਿਹਾ ਹੈ ਅਤੇ ਅਪੀਲਕਰਤਾਵਾਂ ਦੇ ਹੱਕ ਵਿਚ ਫੈਸਲਾ ਸੁਣਾਏ ਜਾਣ ਤੋਂ ਬਾਅਦ ਇਸ ਵਾਧੂ ਤੱਥ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਇਹ ਇਸ ਲਈ *ਲਛਮੇਸ਼-ਵਾਰ ਪ੍ਰਸਾਦ ਸ਼ੁਕਲ ਬਨਾਮ ਕੇਸ਼ਵਰ ਲਾਲ ਚੌਧਰੀ* ((2) [1940] F.C.R. 84.) ਵਿੱਚ ਸੰਘੀ ਅਦਾਲਤ ਦੁਆਰਾ ਕੀਤਾ ਗਿਆ ਸੀ, ਜਿੱਥੇ ਗਵਾਇਰ ਸੀ.ਜੇ. ਨੇ *ਪੈਟਰਸਨ ਬਨਾਮ ਸਟੇਟ ਆਫ਼ ਅਲਾਬਾਮਾ* ((3) (1934) 294 U.S. 600, 07.) ਵਿੱਚ ਚੀਫ਼ ਜਸਟਿਸ ਹਿਊਜ਼ ਦੇ ਹੇਠ ਲਿਖੇ ਨਿਰੀਖਣ ਦੀ ਪ੍ਰਵਾਨਗੀ ਦੇ ਨਾਲ ਹਵਾਲਾ ਦਿੱਤਾ:

"ਅਸੀਂ ਅਕਸਰ ਇਹ ਮੰਨਿਆ ਹੈ ਕਿ ਸਾਡੇ ਅਪੀਲੀ ਅਧਿਕਾਰ ਖੇਤਰ ਦੀ ਵਰਤੋਂ ਕਰਦੇ ਹੋਏ, ਸਾਡੇ ਕੋਲ ਸਮੀਖਿਆ ਅਧੀਨ ਫੈਸਲੇ ਵਿੱਚ ਗਲਤੀ ਨੂੰ ਠੀਕ ਕਰਨ ਦੀ, ਸਗੋਂ ਕੇਸ ਦਾ ਅਜਿਹਾ ਨਿਪਟਾਰਾ ਕਰਨ ਦੀ ਵੀ ਸ਼ਕਤੀ ਨਹੀਂ ਹੈ ਜਿਵੇਂ ਕਿ ਨਿਆਂ ਕਰਨ ਵਿੱਚ ਇਸਦੀ ਲੋੜ ਹੁੰਦੀ ਹੈ। ਕਿਸੇ ਵੀ ਤਬਦੀਲੀ 'ਤੇ ਵਿਚਾਰ ਕਰਨ ਲਈ, ਜਾਂ ਤਾਂ ਅਸਲ ਵਿੱਚ ਜਾਂ ਕਾਨੂੰਨ ਵਿੱਚ, ਜਸਦੀ ਕਿ ਫੈਸਲਾ ਹੋਣ ਤੋਂ ਬਾਅਦ ਦੀ ਨਿਗਰਾਨੀ ਕੀਤੀ ਗਈ ਹੈ।'

ਵਰਦਾਚਾਰੀ ਜੇ, ਦਾ ਵਿਚਾਰ ਸੀ ਕਿ ਅਪੀਲ ਦੀ ਸੁਣਵਾਈ ਇਸ ਦੇਸ਼ ਦੇ ਪ੍ਰਕਿਰਿਆਤਮਕ ਕਾਨੂੰਨ ਦੇ ਅਧੀਨ ਮੁੜਸੁਣਵਾਈ ਦੀ ਪ੍ਰਕਿਰਤੀ ਵਿੱਚ ਹੈ ਅਤੇ ਇਸ ਲਈ, ਅਪੀਲ ਵਿੱਚ ਦਿੱਤੀ ਜਾਣ ਵਾਲੀ ਰਾਹਤ ਦੇਣ ਵਿੱਚ, ਇੱਕ ਅਪੀਲੀ ਅਦਾਲਤ ਤੱਥਾਂ ਨੂੰ ਧਿਆਨ ਵਿੱਚ ਰੱਖਣ ਦੀ ਹੱਕਦਾਰ ਹੈ ਅਤੇ ਉਹ ਘਟਨਾਵਾਂ ਜੋ ਡਿਕਰੀ ਅਪੀਲ ਦੇ ਪਾਸ ਹੋਣ ਤੇ ਹੋਂਦ

ਵਿੱਚ ਆਈਆਂ ਹਨ। ਉਹਨਾਂ ਨੇ ਬਹੁਤ ਸਾਰੇ ਭਾਰਤੀ ਕੇਸਾਂ ਅਤੇ ਪ੍ਰੀਵੀ ਕੌਂਸਲ ਦੀ ਨਿਆਂਇਕ ਕਮੇਟੀ ਦੇ ਅਭਿਆਸ ਅਤੇ ਕੁਝ ਅੰਗਰੇਜ਼ੀ ਕੇਸਾਂ ਦਾ ਹਵਾਲਾ ਦਿੱਤਾ।

ਸਾਡੀ ਰਾਏ ਵਿੱਚ ਅਪੀਲ ਹੇਠ ਫੈਸਲਾ ਦਿੱਤੇ ਜਾਣ ਤੋਂ ਬਾਅਦ ਪ੍ਰੋਬੇਟ ਦੀ ਮੰਨਜ਼ੂਰੀ ਦੇ ਤੱਥ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ, ਜੋ ਅਪੀਲ ਹੇਠ ਫੈਸਲਾ ਦਿੱਤੇ ਜਾਣ ਤੋਂ ਬਾਅਦ ਇਸ ਅਦਾਲਤ ਦੇ ਸਾਹਮਣੇ ਰੱਖਿਆ ਗਿਆ ਹੈ। ਉਸ ਸਥਿਤੀ ਵਿੱਚ ਭਾਰਤੀ ਉੱਤਰਾਧਿਕਾਰੀ ਐਕਟ ਦੀ ਧਾਰਾ 63 (1) (ਸੀ) ਤਹਿਤ ਵਸੀਅਤ ਦੀ ਸਹੀ ਤਸਦੀਕ ਦੀ ਲੋੜ ਕਾਰਨ ਅਪੀਲਕਰਤਾ ਦੇ ਕੇਸ ਦੀ ਕਮੀ ਨੂੰ ਦੂਰ ਕੀਤਾ ਜਾਵੇਗਾ। ਇਸ ਦ੍ਰਿਸ਼ਟੀਕੋਣ ਕਾਰਨ ਜੋ ਅਸੀਂ ਲਿਆ ਹੈ, ਉੱਤਰਦਾਤਾਵਾਂ ਦੁਆਰਾ ਉਠਾਏ ਗਏ ਹੋਰ ਇਤਰਾਜ਼ ਪੂਰੀ ਤਰ੍ਹਾਂ ਬੇਅਸਰ ਹੋ ਜਾਂਦੇ ਹਨ। ਇਸ ਲਈ ਇਸ ਬਿੰਦੂ ਤੇ ਹਾਈ ਕੋਰਟ ਦਾ ਫੈਸਲਾ ਉਲਟਾ ਹੈ।

ਇਸ ਲਈ, ਅਸੀਂ ਇਸ ਅਪੀਲ ਨੂੰ ਮਨਜ਼ੂਰੀ ਦਿੰਦੇ ਹੋਏ, ਪੰਜਾਬ ਹਾਈ ਕੋਰਟ ਦੇ ਫੈਸਲੇ ਅਤੇ ਹੁਕਮਨਾਮੇ ਨੂੰ ਰੱਦ ਕਰਦੇ ਹਾਂ ਅਤੇ ਹੋਰ ਮੁੱਦੇ ਜਿਨ੍ਹਾਂ ਦਾ ਫੈਸਲਾ ਨਹੀਂ ਕੀਤਾ ਗਿਆ ਸੀ, ਦੇ ਫੈਸਲੇ ਲਈ ਕੇਸ ਹਾਈ ਕੋਰਟ ਨੂੰ ਭੇਜਦੇ ਹਾਂ।

ਕਿਉਂਕਿ ਅਪੀਲਕਰਤਾਵਾਂ ਨੇ ਇਸ ਅਦਾਲਤ ਵਿੱਚ ਅਪੀਲ ਦਾਇਰ ਹੋਣ ਤੋਂ ਬਾਅਦ ਤੱਕ ਪ੍ਰੋਬੇਟ ਪ੍ਰਾਪਤ ਨਹੀਂ ਕੀਤਾ ਅਤੇ ਇਸ ਦੇ ਪੜਾਅ 'ਤੇ ਵਾਧੂ ਸਬੂਤ ਦਾਖਲ ਕਰਨ ਲਈ ਅਰਜ਼ੀ ਦਿੱਤੀ, ਉਹ ਦੋ ਮਹੀਨਿਆਂ ਦੇ ਅੰਦਰ ਇਸ ਅਦਾਲਤ ਦੇ ਖਰਚੇ ਵਜੋਂ ਉੱਤਰਦਾਤਾਵਾਂ ਨੂੰ 500 ਰੁਪਏ ਦਾ ਭੁਗਤਾਨ ਕਰਨਗੇ। ਅਜਿਹਾ ਭੁਗਤਾਨ ਨਾ ਹੋਣ ਤੇ, ਅਪੀਲ ਨੂੰ ਖਰਚਿਆਂ, ਭਾਵ, 500 ਰੁਪਏ ਦੇ ਨਾਲ ਖਾਰਜ ਕਰ ਦਿੱਤਾ ਜਾਵੇਗਾ।

ਬੀ.ਆਰ. ਟੀ.

ਡਿਸਕਲੇਮਰ:- ਸਥਾਨਕ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਨਿਰਣਾ ਕੇਵਲ ਮਕੁੱਦਮੇਬਾਜਾਂ ਲਈ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਸਮਝਣ ਤੱਕ ਹੀ ਸੀਮਤ ਹੈ ਅਤੇ ਇਸਦਾ ਕਿਸੇ ਹੋਰ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਕ ਮੰਤਵਾਂ ਲਈ, ਨਿਆਂ ਨਿਰਣੇ ਦਾ ਅੰਗਰੇਜ਼ੀ ਸੰਸਕਰਣ ਪ੍ਰਮਾਣਿਤ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸਨੂੰ ਤਰਜੀਹ ਦਿੱਤੀ ਜਾਵੇਗੀ।

**ਸੰਦੀਪ ਕੁਮਾਰ**